
EXIT

# ਰਾਚੈਸਟਰ ਗੁਰਦੁਆਰੇ ਵਿਚ ਸ੍ਰੀ ਸਾਹਿਬ 'ਤੇ ਲਗੀ ਅਦਾਲਤੀ ਪਾਬੰਦੀ ਹਟੀ

## ਨਿਊਯਾਰਕ ਤੋਂ ਗਏ ਸਿਖ ਕਲਚਰਲ ਸੁਸਾਇਟੀ ਦੇ ਪ੍ਰਤੀਨਿਧ ਮੰਡਲ ਵਲੋਂ ਖ਼ੁਸ਼ੀ ਦਾ ਪ੍ਰਗਟਾਵਾ

*ਵਿਸ਼ੇਸ਼ ਪ੍ਰਤੀਨਿਧ*

ਨਿਊਯਾਰਕ-ਸਿੱਖ ਕਲਚਰਲ ਸੁਸਾਇਟੀ ਨਿਊਯਾਰਕ ਦੇ ਪ੍ਰਧਾਨ ਭੁਪਿੰਦਰ ਸਿੰਘ ਬੋਪਾਰਾਇ ਅਤੇ ਚੋਣ ਕਮਿਸ਼ਨ ਦੇ ਚੇਅਰਮੈਨ ਹਰਬੰਸ ਸਿੰਘ ਢਿੱਲੋਂ ਨੇ ਇਕ ਸਾਂਝੇ ਬਿਆਨ ਵਿਚ ਕਿਹਾ ਹੈ ਕਿ ਇਹ ਖੁਸ਼ੀ ਦੀ ਗੱਲ ਹੈ ਕਿ ਗੁਰਦੁਆਰਾ ਰਾਚੈਸਟਰ ਵਿਚ ਸ੍ਰੀ ਸਾਹਿਬ 'ਤੇ ਲਗੀ ਅਦਾਲਤੀ ਪਾਬੰਦੀ, ਗੁਰਦੁਆਰੇ ਦੇ ਬੋਰਡ ਆਫ ਟਰੱਸਟ ਨੇ, ਅਦਾਲਤ ਪਾਸੋਂ ਹਟਵਾਉਣ ਵਿਚ ਸਫਲਤਾ ਪ੍ਰਾਪਤ ਕਰ ਲਈ ਹੈ।

ਗੁਰਦੁਆਰਾ ਆਫ ਰਾਚੈਸਟਰ ਦੇ ਟਰੱਸਟੀਆਂ ਦੇ ਵਿਸ਼ੇਸ਼ ਸੱਦੇ 'ਤੇ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਆਫ ਨਿਊਯਾਰਕ ਦਾ ਵਿਸ਼ੇਸ਼ ਪ੍ਰਤੀਨਿਧ ਮੰਡਲ ਪ੍ਰਧਾਨ ਭੁਪਿੰਦਰ ਸਿੰਘ ਬੋਪਾਰਾਇ ਦੀ ਅਗਵਾਈ 'ਚ ਐਤਵਾਰ 16 ਜਨਵਰੀ ਨੂੰ ਗੁਰਦੁਆਰਾ ਰਾਚੈਸਟਰ ਪੁੱਜਾ ਸੀ। ਇਸ ਜਥੇ ਵਿਚ, ਪ੍ਰਧਾਨ ਬੋਪਾਰਾਇ, ਜੋ ਗੁਰਦੁਆਰਾ ਰਾਚੈਸਟਰ ਦੇ ਝਗੜੇ ਨੂੰ ਸੁਲਝਾਉਣ ਲਈ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਬਣਾਈ ਕਮੇਟੀ ਦੇ ਮੈਂਬਰ ਹਨ, ਦੋ ਹੋਰ ਇਸ ਕਮੇਟੀ ਦੇ ਮੈਂਬਰ ਮੁਖਤਾਰ ਸਿੰਘ ਧੁੰਮਣ ਅਤੇ ਬਲਵਿੰਦਰ ਸਿੰਘ ਚੀਮਾ ਸ਼ਾਮਲ ਸਨ। ਇਹਨਾਂ ਤੋਂ ਇਲਾਵਾ ਹਰਬੰਸ ਸਿੰਘ ਢਿੱਲੋਂ, ਚੋਣ ਕਮਿਸ਼ਨ ਦੇ ਚੇਅਰਮੈਨ ਅਤੇ ਜਨਰਲ ਸਕੱਤਰ ਕੁਲਦੀਪ ਸਿੰਘ ਢਿੱਲੋਂ ਅਤੇ ਸ਼ੇਰ-ਏ-ਪੰਜਾਬ ਦੇ ਸੰਪਾਦਕ ਬਲਦੇਵ ਸਿੰਘ ਗਰੇਵਾਲ ਵੀ ਸ਼ਾਮਲ ਸਨ।

ਗੁਰਦੁਆਰਾ ਰਾਚੈਸਟਰ ਦੇ ਟਰੱਸਟੀਆਂ ਨੇ ਇਸ ਪ੍ਰਤੀਨਿਧ ਮੰਡਲ ਨੂੰ ਇਸ ਗੁਰਦੁਆਰੇ ਨਾਲ ਸੰਬੰਧਤ ਵਿਵਾਦ ਦੀ ਪੂਰੀ ਰਿਪੋਰਟ ਦਿੱਤੀ ਅਤੇ ਅਦਾਲਤ ਵੱਲੋਂ ਦਿੱਤਾ ਤਾਜ਼ਾ ਫੈਸਲਾ ਵੀ ਦਿਖਾਇਆ ਜਿਸ ਵਿਚ ਅਦਾਲਤ ਨੇ ਆਪਣੇ ਪਹਿਲੇ ਇੰਜਕਸ਼ਨ ਵਿਚ ਤਰਮੀਮ ਕਰਕੇ ਗੁਰਦੁਆਰੇ ਅੰਦਰ 6 ਇੰਚ ਤਕ ਸ੍ਰੀ ਸਾਹਿਬ ਲਿਜਾਣ ਦੀ ਇਜਾਜ਼ਤ ਦੇ ਦਿੱਤੀ ਹੈ ਅਤੇ ਵਿਸ਼ੇਸ਼ ਮੌਕਿਆਂ 'ਤੇ ਜਿਵੇਂ ਵਿਆਹ ਸ਼ਾਦੀ ਸਮੇਂ ਲਾੜਾ ਅਤੇ ਵਿਸ਼ੇਸ਼ ਸ਼ਖ਼ਸੀਅਤਾਂ ਜਿਵੇਂ ਜਥੇਦਾਰ ਸਾਹਿਬਾਨ ਆਦਿ ਵੱਡੀ ਕਿਰਪਾਨ ਗੁਰਦੁਆਰੇ ਅੰਦਰ ਲਿਜਾ ਸਕਦੇ ਹਨ।

ਟਰੱਸਟੀ ਸੰਤੋਖ ਸਿੰਘ ਬਦੇਸ਼ਾ ਨੇ ਪ੍ਰਤੀਨਿਧ ਮੰਡਲ ਨੂੰ ਦੱਸਿਆ ਕਿ ਉਹਨਾਂ ਨੇ ਗੁਰਦੁਆਰੇ ਅੰਦਰ ਕੁਝ ਲੋਕਾਂ ਵੱਲੋਂ ਲਗਾਤਾਰ ਇਕ ਸਾਲ ਮਾਹੌਲ ਖਰਾਬ ਕਰੀ ਰੱਖਣ ਕਾਰਨ ਅਦਾਲਤ ਨੂੰ ਬੇਨਤੀ ਕੀਤੀ ਸੀ ਕਿ ਗੁਰਦੁਆਰੇ ਅੰਦਰ 6 ਇੰਚ ਤੋਂ ਵੱਡੀ ਕਿਰਪਾਨ ਲਿਆਉਣ 'ਤੇ ਪਾਬੰਦੀ ਲਗਾ ਦਿੱਤੀ ਜਾਵੇ, ਪਰ ਮਾਣਯੋਗ ਜੱਜ ਨੇ ਇੰਟਰਨੈੱਟ 'ਤੇ ਕੁਝ ਗੁਰਦੁਆਰਿਆਂ ਵਿਚ ਕਿਰਪਾਨ ਨਾਲ ਕੀਤੇ ਗਏ ਹਮਲਿਆਂ ਦੀਆਂ ਖਬਰਾਂ ਪੜ੍ਹ ਕੇ ਇੰਜਕਸ਼ਨ ਜਾਰੀ ਕਰ ਦਿੱਤਾ ਸੀ ਕਿ ਰਾਚੈਸਟਰ ਗੁਰਦੁਆਰੇ ਅੰਦਰ ਕਿਰਪਾਨ ਲਿਆਉਣ ਦੀ ਮਨਾਹੀ ਹੈ। ਵਿਰੋਧੀ ਗਰੁੱਪ ਨੇ ਇਸ ਹੁਕਮ ਦੀ ਬਿਨਾਅ 'ਤੇ ਦੁਨੀਆ ਭਰ ਵਿਚ ਪ੍ਰਚਾਰ ਕਰ ਦਿੱਤਾ ਕਿ ਅਸੀਂ ਇਸ ਗੁਰਦੁਆਰੇ ਵਿਚ ਅੰਮ੍ਰਿਤਧਾਰੀਆਂ ਦੇ ਆਉਣ 'ਤੇ ਪਾਬੰਦੀ ਲਗਵਾ ਦਿੱਤੀ ਹੈ, ਜਦਕਿ ਸਾਡੀ ਅਜਿਹੀ ਭਾਵਨਾ ਕਦਾਚਿਤ ਨਹੀਂ ਸੀ।

ਸੰਤੋਖ ਸਿੰਘ ਬਦੇਸ਼ਾ ਨੇ ਕਿਹਾ ਕਿ ਉਹ ਵਿਰੋਧੀਆਂ ਦੇ ਇਸ ਪ੍ਰਚਾਰ ਦਾ ਜਵਾਬ ਵੀ ਦੇਣ ਦੀ ਸਥਿਤੀ ਵਿਚ ਨਹੀਂ ਸਨ, ਕਿਉਂਕਿ ਜੇ ਉਹ ਅਦਾਲਤ ਦੇ ਫ਼ੈਸਲੇ ਵਿਰੁੱਧ ਕੋਈ ਗੱਲ ਕਰਦੇ ਸਨ ਤਾਂ ਵਿਰੋਧੀਆਂ ਨੇ ਅਦਾਲਤ ਦੀ ਤੌਹੀਨ ਦਾ ਮਾਮਲਾ ਬਣਾ ਦੇਣਾ ਸੀ, ਪਰ ਬੋਰਡ ਆਫ ਟਰੱਸਟ ਨੇ ਇਹ ਫ਼ੈਸਲਾ ਆਉਣ ਤੋਂ ਕੁਝ ਦਿਨਾਂ ਬਾਅਦ ਹੀ, ਸਰਬ ਸੰਮਤੀ ਨਾਲ ਮਤਾ ਪਾਸ ਕਰ ਦਿੱਤਾ ਸੀ ਕਿ ਅਦਾਲਤ ਪਾਸੋਂ ਕਿਰਪਾਨ 'ਤੇ ਪਾਬੰਦੀ ਵਾਲੇ ਹੁਕਮਾਂ ਵਿਚ ਤਰਮੀਮ ਕਰਵਾਈ ਜਾਵੇ। ਇਸ ਮਨੋਰਥ ਲਈ ਟਰੱਸਟ ਨੇ ਆਪਣੇ ਵਕੀਲ ਨੂੰ ਕਾਰਵਾਈ ਕਰਨ ਲਈ ਆਖ ਦਿੱਤਾ ਸੀ।

ਟਰੱਸਟੀਆਂ ਨੇ ਨਿਊਯਾਰਕ ਤੋਂ ਗਏ ਪ੍ਰਤੀਨਿਧ ਮੰਡਲ ਨੂੰ ਦੱਸਿਆ ਕਿ ਉਹਨਾਂ ਦੇ ਵਕੀਲ ਨੇ ਵਿਰੋਧੀ ਧਿਰ ਦੇ ਵਕੀਲ ਪਾਸੋਂ ਇਹ ਤਰਮੀਮ ਤੁਰੰਤ ਕਰਵਾਉਣ ਲਈ ਸਹਿਯੋਗ ਮੰਗਿਆ ਸੀ, ਪਰ ਵਿਰੋਧੀ ਧਿਰ ਕਿਸੇ ਨਾ ਕਿਸੇ ਬਹਾਨੇ ਇਸ ਗੱਲ ਨੂੰ ਅੱਗੇ ਪਾਈ ਗਿਆ। ਅਖੀਰ ਟਰੱਸਟੀਆਂ ਦੇ ਵਕੀਲ ਨੇ ਇਕੱਲਿਆਂ ਹੀ ਅਦਾਲਤ ਵਿਚ ਇਸ ਤਰਮੀਮ ਲਈ ਮੋਸ਼ਨ ਪੇਸ਼ ਕਰ ਦਿੱਤਾ। ਅਦਾਲਤ ਵਿਚ ਵੀ ਵਿਰੋਧੀਆਂ ਵੱਲੋਂ ਇਸ ਫੈਸਲੇ ਦੇ ਰਾਹ ਵਿਚ ਕਈ ਤਰ੍ਹਾਂ ਦੀਆਂ ਰੁਕਾਵਟਾਂ ਪਾਈਆਂ ਗਈਆਂ। ਅਖੀਰ 11 ਜਨਵਰੀ ਨੂੰ ਮਾਣਯੋਗ ਅਦਾਲਤ ਨੇ ਗੁਰਦੁਆਰਾ ਰਾਚੈਸਟਰ ਵਿਚ ਸ੍ਰੀ ਸਾਹਿਬ ਲਿਆਉਣ ਅਤੇ ਵਿਸ਼ੇਸ਼ ਹਾਲਤਾਂ ਵਿਚ ਵੱਡੀ ਕਿਰਪਾਨ ਲਿਆਉਣ ਦੀ ਇਜਾਜ਼ਤ ਦੇ ਦਿੱਤੀ।

ਬੋਰਡ ਆਫ ਟਰੱਸਟ ਨੇ ਇਸ ਫ਼ੈਸਲੇ ਦੀਆਂ ਕਾਪੀਆਂ ਪ੍ਰਤੀਨਿਧ ਮੰਡਲ ਦੇ ਮੈਂਬਰਾਂ ਨੂੰ ਦਿੱਤੀਆਂ। ਉਹਨਾਂ ਨੇ ਪ੍ਰਤੀਨਿਧ ਮੰਡਲ ਨੂੰ ਵਿਰੋਧੀਆਂ ਵੱਲੋਂ ਹਫ਼ਤਾਵਾਰੀ ਦੀਵਾਨਾਂ ਸਮੇਂ ਕੀਤੇ ਜਾਂਦੇ ਝਗੜਿਆਂ ਦੀਆਂ ਵੀਡੀਓ ਰਿਕਾਰਡਿੰਗਜ਼ ਵੀ ਦਿਖਾਈਆਂ।

ਟਰੱਸਟੀਆਂ ਨੇ ਦੱਸਿਆ ਕਿ ਉਹਨਾਂ ਨੇ ਝਗੜਿਆਂ ਤੋਂ ਦੁਖੀ ਹੋ ਕੇ ਸਿਰਫ਼ ਮੱਖਣ ਸਿੰਘ ਅਤੇ ਪਰਮਿੰਦਰ ਸਿੰਘ ਸੰਧੂ ਦੇ ਪਰਿਵਾਰਾਂ ਉੱਪਰ ਇਸ ਗੁਰਦੁਆਰੇ ਨਾ ਆਉਣ ਦੀ ਅਦਾਲਤ ਪਾਸੋਂ ਮੰਗ ਕੀਤੀ ਸੀ। ਅਸੀਂ ਸੰਗਤ ਕਿਸੇ ਵੀ ਹੋਰ ਮੈਂਬਰ ਨੂੰ ਕਦੇ ਵੀ ਰੋਕਣ ਦੇ ਹੱਕ ਵਿਚ ਨਹੀਂ ਹਾਂ, ਕਿਉਂਕਿ ਇਹ ਗੁਰੂ ਦਾ ਦੁਆਰਾ ਹੈ ਕਿਸੇ ਦੀ ਜਾਤੀ ਮਲਕੀਅਤ ਨਹੀਂ ਹੈ।।

ਸੰਤੋਖ ਸਿੰਘ ਬਦੇਸ਼ਾ ਨੇ ਦੱਸਿਆ ਕਿ ਅਦਾਲਤ ਦੇ ਪਹਿਲੇ ਇੰਜਕਸ਼ਨ ਦੇ ਬਾਵਜੂਦ ਪ੍ਰਬੰਧਕਾਂ ਨੇ ਕਦੇ ਕਿਸੇ ਅੰਮ੍ਰਿਤਧਾਰੀ ਨੂੰ ਗੁਰਦੁਆਰੇ ਆਉਣ ਤੋਂ ਰੋਕਿਆ ਨਹੀਂ ਸੀ, ਬਲਕਿ ਕੁਝ ਮੌਕਿਆਂ 'ਤੇ ਵਿਰੋਧੀਆਂ ਨੇ ਪੁਲਿਸ ਰਾਹੀਂ ਗੁਰਦੁਆਰੇ ਦੇ ਦੀਵਾਨ ਵਿਚੋਂ ਅੰਮ੍ਰਿਤਧਾਰੀਆਂ ਨੂੰ ਬਾਹਰ ਕਢਵਾਇਆ ਸੀ।

ਗੁਰਦੁਆਰਾ ਰਾਚੈਸਟਰ ਦੇ ਟਰੱਸਟੀਆਂ ਨੂੰ ਮਿਲਣ ਤੋਂ ਬਾਅਦ ਭੁਪਿੰਦਰ ਸਿੰਘ ਬੋਪਾਰਾਇ, ਹਰਬੰਸ ਸਿੰਘ ਢਿੱਲੋਂ, ਬਲਵਿੰਦਰ ਸਿੰਘ ਚੀਮਾ, ਮੁਖਤਾਰ ਸਿੰਘ ਧੁੰਮਣ ਅਤੇ ਕੁਲਦੀਪ ਸਿੰਘ ਢਿੱਲੋਂ ਨੇ ਇਕ ਸਾਂਝੇ ਬਿਆਨ ਵਿਚ ਕਿਹਾ ਕਿ ਅਦਾਲਤ ਦੇ ਨਵੇਂ ਫੈਸਲੇ ਨਾਲ ਗੁਰਦੁਆਰਾ ਰਾਚੈਸਟਰ ਦਾ ਵਿਵਾਦ ਖ਼ਤਮ ਹੋ ਗਿਆ ਹੈ। ਉਹਨਾਂ ਕਿਹਾ ਕਿ ਜਦ ਇਹ ਸ੍ਰੀ ਸਾਹਿਬ 'ਤੇ ਪਾਬੰਦੀ ਲੱਗੀ ਸੀ, ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਨੇ ਗੁਰਦੁਆਰਾ ਰਾਚੈਸਟਰ ਦੇ ਪ੍ਰਬੰਧਕਾਂ ਨੂੰ ਇਹ ਪਾਬੰਦੀ ਹਟਾਉਣ ਲਈ ਕਿਹਾ ਸੀ ਅਤੇ ਇਹਨਾਂ ਨਾਲ ਲਗਾਤਾਰ ਸੰਪਰਕ ਬਣਾਈ ਰੱਖਿਆ ਸੀ। ਸਾਨੂੰ ਖੁਸ਼ੀ ਹੈ ਕਿ ਹੁਣ ਇਸ ਗੁਰਦੁਆਰੇ ਅੰਦਰ ਅੰਮ੍ਰਿਤਧਾਰੀਆਂ ਦੇ ਜਾਣ 'ਤੇ ਕੋਈ ਪਾਬੰਦੀ ਨਹੀਂ। ਸਿੱਖ ਕੌਮ ਨੂੰ ਸਿਰਫ ਸ੍ਰੀ ਸਾਹਿਬ 'ਤੇ ਪਾਬੰਦੀ ਕਾਰਨ ਚਿੰਤਾ ਸੀ, ਹੁਣ ਇਹ ਪਾਬੰਦੀ ਹਟ ਜਾਣ ਨਾਲ ਸਿੱਖ ਕੌਮ ਦੀ ਚਿੰਤਾ ਖ਼ਤਮ ਹੋ ਗਈ ਹੈ। ਉਹਨਾਂ ਕਿਹਾ ਕਿ ਉਹ ਅਕਾਲ ਤਖ਼ਤ ਦੇ ਜਥੇਦਾਰ ਸਾਹਿਬ ਨੂੰ ਸੂਚਿਤ ਕਰ ਦੇਣਗੇ ਕਿ ਹੁਣ ਇਸ ਗੁਰਦੁਆਰੇ ਦਾ ਝਗੜਾ ਸ਼ਾਂਤਮਈ ਢੰਗ ਨਾਲ ਹੱਲ ਹੋ ਗਿਆ ਹੈ।

ਆਪਣੇ ਬਿਆਨ ਵਿਚ ਇਹਨਾਂ ਨੇਤਾਵਾਂ ਨੇ ਇਹ ਵੀ ਕਿਹਾ ਕਿ ਅਜੇ ਇਸ ਗੁਰਦੁਆਰੇ ਦਾ ਕੇਸ ਅਦਾਲਤ ਵਿਚ ਚੱਲ ਰਿਹਾ ਹੈ। ਕਈ ਮਾਮਲਿਆਂ ਬਾਰੇ ਅਜੇ ਫੈਸਲਾ ਹੋਣਾ ਹੈ, ਉਹ ਸਥਾਨਕ ਮਸਲੇ ਹਨ, ਉਹਨਾਂ ਨਾਲ ਸਿੱਖ ਕੌਮ ਦਾ ਕੋਈ ਸਰੋਕਾਰ ਨਹੀਂ। ਉਹ ਪ੍ਰਬੰਧਕੀ ਮਤਭੇਦਾਂ ਦੇ ਮਾਮਲੇ ਹਨ। ਅਜਿਹੇ ਕੇਸ ਹੋਰ ਵੀ ਕਈ ਗੁਰਦੁਆਰਿਆਂ ਦੇ ਚੱਲ ਰਹੇ ਹਨ, ਉਹਨਾਂ ਝਗੜਿਆਂ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸਿੱਖ ਕੌਮ ਦਾ ਕੋਈ ਵਾਸਤਾ ਨਹੀਂ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਵੱਲੋਂ ਜੋ ਇਸ ਮਸਲੇ ਦੇ ਹੱਲ ਲਈ ਜੋ ਕਮੇਟੀ ਬਣਾਈ ਗਈ ਸੀ, ਅਦਾਲਤ ਦੇ ਤਾਜ਼ਾ ਫ਼ੈਸਲੇ ਨਾਲ ਉਸ ਕਮੇਟੀ ਦੀ ਤਸੱਲੀ ਹੋ ਗਈ ਹੈ। ਇਹਨਾਂ ਮੈਂਬਰਾਂ ਨੇ ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਇਸ ਫੈਸਲੇ ਦੀਆਂ ਕਾਪੀਆਂ ਆਪਣੀ ਰਾਇ ਸਮੇਤ ਭੇਜ ਦਿੱਤੀਆਂ ਹਨ।

ਪ੍ਰਤੀਨਿਧ ਮੰਡਲ ਦੇ ਨੇਤਾਵਾਂ ਨੇ ਕਿਹਾ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਗੁਰਦੁਆਰੇ ਦੇ ਬਹੁਤੇ ਟਰੱਸਟੀ ਅਤੇ ਮੈਂਬਰ ਸਹਿਜਧਾਰੀ ਹਨ, ਪਰ ਉਹਨਾਂ ਦੀ ਸ਼ਰਧਾ ਬੇਹੱਦ ਹੈ। ਇਸੇ ਸ਼ਰਧਾ ਕਾਰਨ ਹੀ ਉਹ ਪਿਛਲੇ 35 ਸਾਲ ਤੋਂ ਇਹ ਗੁਰਦੁਆਰਾ ਚਲਾ ਰਹੇ ਹਨ।

ਇਥੇ ਇਹ ਵੀ ਵਰਨਣਯੋਗ ਹੈ ਕਿ ਇਸ ਗੁਰਦੁਆਰੇ ਵਿਚ ਕੋਈ ਗ੍ਰੰਥੀ ਨਹੀਂ ਹੈ। ਸੰਗਤ ਆਪ ਹੀ ਪਾਠ ਕਰਦੀ ਹੈ, ਆਪ ਹੀ ਕੀਰਤਨ ਤੇ ਅਰਦਾਸ ਕਰਦੀ ਹੈ ਅਤੇ ਹੁਕਮਨਾਮਾ ਲੈਂਦੀ ਹੈ। ਪ੍ਰਤੀਨਿਧ ਮੰਡਲ ਦੇ ਮੈਂਬਰਾਂ ਨੇ ਟਰੱਸਟੀਆਂ ਨੂੰ ਸਿਫ਼ਾਰਸ਼ ਕੀਤੀ ਕਿ ਗੁਰਦੁਆਰੇ ਵਿਚ ਇਕ ਗਰੰਥੀ ਜ਼ਰੂਰ ਰੱਖਿਆ ਜਾਵੇ। ਟਰੱਸਟੀਆਂ ਨੇ ਇਹ ਗੱਲ ਮੰਨ ਲਈ ਤੇ ਬੇਨਤੀ ਕੀਤੀ ਕਿ ਕੋਈ ਅੰਗਰੇਜ਼ੀ ਜਾਣਨ ਵਾਲਾ ਗਰੰਥੀ ਲੱਭਣ ਵਿਚ ਉਹਨਾਂ ਦੀ ਸਹਾਇਤਾ ਕੀਤੀ ਜਾਵੇ।

RECEIVED

2011 JAN 13 AM 10: 14

MONROE COUNTY CLERK

At an IAS Special Term of the Supreme Court held in and for the County of Monroe at the Hall of Justice, Civic Center Plaza, Rochester, New York, on the 16th day of November, 2010.

**PRESENT: HON. KENNETH R. FISHER, JSC**

STATE OF NEW YORK
SUPREME COURT COUNTY OF MONROE

SANTOKH S. BADESHA, SUDARSHAN S. BAINS, BHOOPINDER S. MEHTA, HARBHAJAN S. PUREWAL, MAGHAR S. CHANA and RAJDEEP K. CHEEMA as members of the Board of Trustees of Gurudwara of Rochester, and Gurudwara of Rochester, a corporation organized and existing under the Religious Corporation Law of the State of New York,

Plaintiffs,

vs.

PARMINDER S. SOCH , MANDEEP (Makhan) SINGH, AJAY SINGH and PUSHPINDER ANEJA, and GURRINDER S. BEDI, in his capacity as a member of the Executive Committee Gurudwara of Rochester, and DAMAPAUL SONDHI and SANDEEP S. GREWAL, in their capacities as purported auditors of Gurudwara of Rochester,

Defendants.

**Index No.: 10/3672**

# ORDER

Plaintiffs having moved this Court by notice of motion for an order modifying so much of this Court's preliminary injunction order of June 10, 2010 as prohibited all persons entering the premises of the Gurudwara of Rochester ("GOR") from bringing in or carrying ceremonial swords in the manner set forth in the affirmation of Warren B. Rosenbaum, Esq., dated October 12, 2010, together with such other and further relief as to the Court may seem just and proper, and defendants having cross-moved this Court by notice of cross-motion for an order modifying

the aforesaid preliminary injunction order to permit defendants Parminder S. Soch, Mandeep Singh, Ajay Singh, their immediate families and all other congregants who wish to join them to worship on Saturdays at the GOR premises, compelling plaintiffs to supplement their discovery responses so as to fully comply with defendants' discovery demands, and for such other and further relief as to the Court may seem just and proper,

AND, upon reading plaintiffs' notice of motion dated October 12, 2010, the affirmation of Warren B. Rosenbaum, Esq., dated October 12, 2010, with the exhibits thereto annexed, the reply affidavit of Santokh S. Badesha, sworn to November 12, 2010, with the exhibits thereto annexed, and the reply affirmation of Warren B. Rosenbaum, Esq., dated November 12, 2010, with the exhibits annexed thereto, all in support of plaintiffs' motion and in opposition to defendants' cross-motion, and defendants' notice of cross-motion dated November 8, 2010, the affidavit of Gurrinder S. Bedi, sworn to November 8, 2010, with the exhibits thereto annexed, and the affirmation of Michael J. Masino, Esq., dated November 8, 2010, with the exhibits thereto annexed, all in opposition to the plaintiffs' motion and in support of defendants' cross-motion, and after hearing Woods Oviatt Gilman, LLP, Warren B. Rosenbaum, Esq., of counsel, attorneys for the plaintiffs in support of the motion and in opposition to the cross-motion, and Harris Beach PLLC, Michael J. Masino, Esq., of counsel, attorneys for defendants in opposition to the motion and in support of the cross-motion, and due deliberation having been had, it is

ORDERED, that plaintiff's motion to modify so much of this Court's preliminary injunction order of June 10, 2010 to the extent of allowing to be brought into the GOR premises Kirpans of the length not greater than 6 inches and full-sized Kirpans (ceremonial swords) to be

worn by the groom in wedding ceremonies, allowing for visiting out-of-town dignitaries to wear full-size Kirpans with the approval of the GOR General Secretary on a case-by-case basis, provided that all such Kirpans must remain fully sheathed, be and the same hereby is in all respects granted; and it is further

ORDERED, that the Court's aforesaid preliminary injunction order be and the same hereby shall in all other respects remain in full force and effect and otherwise unmodified; and it is further

ORDERED, that so much of defendants' cross-motion as sought to compel plaintiffs to supplement their prior discovery responses to comply with defendants' discovery demands be and the same hereby is granted to the extent that plaintiffs shall so supplement their discovery responses by producing such of the documents as have been agreed to be produced as set forth in the exchange of correspondence between counsel for the respective parties, copies of which are annexed hereto and made part hereof, and, to the extent that any such documents are within the possession or control of the plaintiffs, such documents shall be produced within thirty (30) days from service of a copy of this order with notice of entry thereof; and it is further

ORDERED, that defendants' cross-motion is in all other respects denied.

Signed this 11 day of January, 2011 at Rochester, New York.

Hon. Kenneth R. Fisher, JSC